**ਮਾਨਯੋਗ ਕਿਰਤ ਮੰਤਰੀ ,ਪੰਜਾਬ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਲੇਬਰ ਵੈਲਫੇਅਰ ਬੋਰਡ ਦੀ 9.6.09 ਨੂੰ ਬਾਅਦ ਦੁਪਹਿਰ 4.00 ਵਜੇ ਪੰਜਾਬ ਭਵਨ ,ਚੰਡੀਗੜ੍ਹ ਵਿਖੇ ਹੋਈ 44ਵੀਂ ਮੀਟਿੰਗ ਦੀ ਕਾਰਵਾਈ ਰਿਪੋਟ।**

ਪੰਜਾਬ ਲੇਬਰ ਵੈਲਫੇਅਰ ਬੋਰਡ ਦੀ 44ਵੀਂ ਮੀਟਿੰਗ ਮਾਨਯੋਗ ਸ੍ਰੀ ਤੀਕਸਨ ਸੂਦ, ਕਿਰਤ ਮੰਤਰੀ ਪੰਜਾਬ/ਚੈਅਰਮੈਨ ਜੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਹੇਠ ਲਿਖੇ ਮੈਂਬਰ ਸਾਮਲ ਹੋਏ:-

1. ਸ੍ਰੀ ਪੀ.ਰਾਮ, ਆਈ.ਏ.ਐਸ
ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ
ਕਿਰਤ ਵਿਭਾਗ, ਚੰਡੀਗੜ੍ਹ।

2. ਸ੍ਰੀ ਇੰਦਰਜੀਤ ਸਿੰਘ ਸੰਧੂ
ਐਡੀਸਨਲ ਡਾਇਰੈਕਟਰ
ਉਦਯੋਗ ਵਿਭਾਗ, ਪੰਜਾਬ ਚੰਡੀਗੜ੍ਹ
(ਨੁਮਾਇੰਦੇ ਦੇ ਤੌਰ ਤੇ)

3. ਸ੍ਰੀ ਓਮ ਪ੍ਰਕਾਸ ਭਾਟੀਆ
ਅਧੀਨ ਸਕੱਤਰ, ਵਿੱਤ ਵਿਭਾਗ,
ਪੰਜਾਬ(ਨੁਮਾਇੰਦੇ ਦੇ ਤੌਰ ਤੇ)

4. ਸ੍ਰੀ ਹਰੀਸ ਨਈਅਰ,
ਵਧੀਕ ਕਿਰਤ ਕਮਿਸਨਰ,ਪੰਜਾਬ

5. ਸ੍ਰੀ ਚਰਨਜੀਤ ਸਿੰਘ ਮਾਨ
ਡਿਪਟੀ ਡਾਇਰੈਕਟਰ,ਸਮਾਜ ਭਲਾਈ
ਪੰਜਾਬ ਚੰਡੀਗੜ੍ਹ। (ਨੁਮਾਇੰਦੇ ਦੇ ਤੌਰ ਤੇ)

6. ਸ੍ਰੀ ਲਲਿਤ ਸਰਮਾ,ਕੇ ਸਰਮਾ ਐਂਡ ਕੰਪਨੀ,
709, ਇੰਡਸਟਰੀਅਲ ਏਰੀਆ-ਬੀ ਲੁਧਿਆਣਾ।

7. ਸ੍ਰੀ ਕਰਤਾਰ ਸਿੰਘ ਰਾਠੌਰ।
ਸਿਵਲ ਲਾਈਨਜ,ਜੀ.ਟੀ.ਰੋਡ ਜਲੰਧਰ।
(ਭਾਰਤੀਯ ਮਜਦੂਰ ਸੰਘ)

8. ਸ੍ਰੀ ਉਮਾਂ ਕਾਂਤ ਤਿਵਾੜੀ
ਪੰਜਾਬ ਨਾਨ ਗਜਟਿਡ ਇਮਪਲਾਈਜ ਆਰਗੇਨਾਈਜੇਸਨ
ਮਕਾਨ ਨੰ: 502, ਫੇਜ 6 ਮੁਹਾਲੀ।

9. ਸ੍ਰੀ ਰਣਜੀਤ ਸਿੰਘ ਭਾਉ
ਮਕਾਨ ਨੰ: 703/2, ਗਲੀ ਨੰ:4 ਨਜਦੀਕ ਸੀ.ਆਈ.ਏ
ਸਟਾਫ ਨਾਨਕ ਨਗਰੀ, ਮੋਗਾ।

ਸ੍ਰੀ ਪੀ.ਰਾਮ. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਕਿਰਤ ਵਿਭਾਗ ਜੀ ਵਲੋ ਚੇਅਰਮੈਨ ਜੀ ਦੀ ਇਜਾਜਤ ਨਾਲ ਮੀਟਿੰਗ ਦੀ ਕਾਰਵਾਈ ਸੁਰੂ ਕੀਤੀ ਗਈ। ਉਹਨਾਂ ਵਲੋ ਸ੍ਰੀ ਹਰੀਸ ਨਈਅਰ, ਵਧੀਕ ਕਿਰਤ ਕਮਿਸਨਰ ਜੀ ਨੂੰ ਹਰ ਇਕ ਮੱਦ ਬਾਰੇ ਮੈਂਬਰ ਸਾਹਿਬਾਨ ਨੂੰ ਜਾਣੂੰ ਕਰਾਉਣ ਲਈ ਕਿਹਾ ਗਿਆ।

**ਮੱਦ ਨੰ:1 43ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸਟੀ**

ਮਿਤੀ 21.8.08 ਦੀ 43ਵਂ ਮੀਟਿੰਗ ਦੀ ਕਾਰਵਾਈ ਦੀ ਪੁਸਟੀ ਕੀਤੀ ਗਈ ਅਤੇ ਚੈਅਰਮੈਨ ਜੀ ਵਲੋ ਇਹ ਵੀ ਆਦੇਸ ਦਿੱਤੇ ਗਏ ਕਿ ਭਵਿੱਖ ਵਿੱਚ ਬੋਰਡ ਦੀ ਤਿਮਾਹੀ ਮੀਟਿੰਗ ਸੱਦੀ ਜਾਇਆ ਕਰੇਗੀ।

**ਮੱਦ ਨੰ: 2 ਪੰਜਾਬ ਲੇਬਰ ਵੈਲਫੇਅਰ ਬੋਰਡ ਦੀ ਮਿਤੀ 21.8.08 ਨੂੰ ਹੋਈ 43ਵੀਂ ਮੀਟਿੰਗ ਵਿੱਚ ਲਏ ਫੈਸਲਿਆਂ ਤੇ ਕੀਤੀ ਕਾਰਵਾਈ**

ਵਧੀਕ ਕਿਰਤ ਕਮਿਸਨਰ ਜੀ ਵਲੋ ਮੱਦ ਵਾਈਜ ਲਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ ਵਿਸਥਾਰ-ਪੂਰਵਕ ਮੈਂਬਰਾਂ ਨੂੰ ਜਾਣੂੰ ਕਰਵਾਇਆ ਗਿਆ। ਚੈਅਰਮੈਨ ਜੀ ਅਤੇ ਮੈਂਬਰ ਸਾਹਿਬਾਨ ਵਲੋਂ ਫੈਸਲਿਆਂ ਤੇ ਕੀਤੀ ਕਾਰਵਾਈ ਤੇ ਸੰਤੁਸਟੀ ਪ੍ਰਗਟ ਕੀਤੀ ਗਈ।

**ਮੱਦ ਨੰ:3 ਬੋਰਡ ਵਲੋ ਪ੍ਰਵਾਨ ਕੀਤੀਆਂ ਕਿਰਤ ਭਲਾਈ ਸਕੀਮਾਂ ਦੀ ਕਾਰਗੁਜਾਰੀ /ਪ੍ਰਗਤੀ ਰਿਪੋਟ ਅਤੇ ਕੰਮਪਿਊਟਰ ਸਕੀਮ ਅਧੀਨ ਟੀਚੇ ਤੋਂ ਵੱਧ ਦਰਖਾਸਤਾਂ (273) ਨੂੰ ਵੀ ਮੰਨਜ਼ੂਰ ਕੀਤੇ ਕਰਜਿਆਂ ਦੀ ਰਕਮ 40.95 ਲੱਖ ਰੁਪਏ ਦੀ ਕਾਰਜ ਬਾਅਦ ਪ੍ਰਵਾਨਗੀ ਬਾਰੇ।**

ਬੋਰਡ ਵਲੋ ਇਸ ਮੱਦ ਨੂੰ ਪ੍ਰਵਾਨਗੀ ਦਿੰਦੇ ਹੋਏ ਹੇਠ ਲਿਖੇ ਫੈਸਲੇ ਵੀ ਲਏ ਗਏ:-

(ੳ) ਕੰਮਪਿਊਟਰ ਸਕੀਮ ਅਧੀਨ ਨਿਰਧਾਰਤ 100 ਲਾਭ ਪਾਤਰੀਆਂ ਦੇ ਟੀਚੇ ਨੂੰ ਵਧਾਕੇ 500 ਕਰ ਦਿੱਤਾ ਜਾਵੇ।

(ਅ) ਮੈਂਬਰ ਸਾਹਿਬਾਨ ਵਲੋ ਇਹ ਇੱਛਾ ਵੀ ਪ੍ਰਗਟ ਕੀਤੀ ਗਈ ਕਿ ਕਿਰਤ ਭਲਾਈ ਸਕੀਮਾਂ ਦੀ ਕਾਰਗੁਜਾਰੀ ਵਿੱਚ ਹੋਰ ਸੁਧਾਰ ਲਿਆਉਣ ਦੀ ਲੋੜ ਹੈ ਕਿਉਂਕਿ ਕਈ ਸਕੀਮਾਂ ਅਧੀਨ ਲਾਭ-ਪਾਤਰੀਆਂ ਦੀ ਗਿਣਤੀ ਬਹੁੱਤ ਘੱਟ ਹੈ ਇਸਲਈ ਸਕੀਮਾਂ ਦੇ ਪ੍ਰਚਾਰ ਦੀ ਜਰੂਰਤ ਹੈ।

(ੲ) ਚੈਅਰਮੈਨ ਜੀ ਵਲੋ ਆਦੇਸ ਦਿੱਤੇ ਗਏ ਕਿ ਕਿਰਤ ਭਲਾਈ ਸਕੀਮਾਂ ਦੇ ਪੈਂਫਲੈਂਟ ਛਪਵਾਕੇ ਸਾਰੇ ਸਹਾਇਕ ਕਿਰਤ ਕਮਿਸਨਰ/ਕਿਰਤ ਤੇ ਸੁਲਾਹ ਅਫਸਰਾਂ/ਕਿਰਤ ਇੰਸਪੈਕਟਰਾਂ ਰਾਹੀਂ ਉਹਨਾਂ ਦੇ ਅਧਿਕਾਰ ਖੇਤਰ ਅਦਾਰਿਆਂ ਦੇ ਨੋਟਿਸ ਬੋਰਡਾਂ ਤੇ ਚਿਪਕਾਏ ਜਾਣ ਤਾਂ ਜੋ ਉਹਨਾਂ ਦੇ ਵਿੱਚ ਕੰਮ ਕਰ ਰਹੇ ਕਿਰਤੀ ਖੁੱਦ ਹੀ ਸਕੀਮਾਂ ਦੀ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰ ਸਕਣ ਅਤੇ ਜੇਕਰ ਪ੍ਰਕਾਸਨ ਦੀ ਜਰੂਰਤ ਪੈਂਦੀ ਹੈ ਤਾਂ ਅਖਬਾਰਾਂ ਰਾਹੀਂ ਪ੍ਰਕਾਸਨ ਵੀ ਕਰਵਾ ਲਈਆਂ ਜਾਣ। ਚੈਅਰਮੈਨ ਜੀ ਵਲੋ ਇਹ ਵੀ ਕਿਹਾ ਗਿਆ ਕਿ ਜੇਕਰ ਪਬਲੀਸਿਟੀ ਤੋ ਬਾਅਦ ਵੀ ਕਿਸੇ ਸਕੀਮ ਹੇਠ ਕਿਰਤੀਆਂ ਵਲੋ ਨਾ-ਮਾਤਰ ਦੀਆਂ ਅਰਜੀਆਂ ਪ੍ਰਾਪਤ ਹੁੰਦੀਆਂ ਹਨ ਤਾਂ ਉਸ ਸਕੀਮ ਨੂੰ ਜਾਰੀ ਰੱਖਣ ਦੀ ਉਚਿਤਤਾ ਬਾਰੇ ਪੁਨਰ-ਵਿਚਾਰ ਕੀਤਾ ਜਾਵੇਗਾ। ਇਸਦੇ ਨਾਲ ਹੀ ਦੋ ਮਹੀਨਿਆਂ ਵਿੱਚ ਇਕ ਵਾਰ ਅਖਬਾਰਾਂ ਵਿੱਚ ਇਸਤਿਹਾਰ ਵੀ ਦਿੱਤੇ ਜਾਣ।

(ਸ) ਜਿਹੜੀ ਵੀ ਸਕੀਮਾਂ ਅਧੀਨ ਨਿਰਧਾਰਤ ਟੀਚੇ ਨਾਲੋ ਘੱਟ ਲਾਭ.ਪਾਤਰੀ ਹੋਣ ਕਰਕੇ ਰਕਮ ਬੱਚਦੀ ਹੋਵੇ ਉਹ ਰਕਮ ਕਿਸੇ ਹੋਰ ਦੂਜੀ ਸਕੀਮ ਅਧੀਨ ਜੇਕਰ ਟੀਚੇ ਨਾਲੋ ਲਾਭ ਪਾਤਰੀਆਂ ਦੀ ਗਿਣਤੀ ਵੱਧ ਜਾਂਦੀ ਹੈ ਤਾਂ ਉਸ ਸੂਰਤ ਵਿੱਚ ਉਨ੍ਹਾਂ ਨੂੰ ਲਾਭ ਦੇਣ ਲਈ ਰਕਮ ਵਰਤਣ ਲਈ ਵੈਲਫੇਅਰ ਕਮਿਸਨਰ ਨੂੰ ਅਧਿਕਾਰ ਹੋਣਗੇ।

**<u>ਮੱਦ ਨੰ: 4</u>** **<u>ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਸਾਲ 2007-08 ਅਤੇ 2008-09 ਦੇ ਅਸਲ ਬਜਟ ਦੀ ਕਾਰਜ-ਬਾਅਦ ਪ੍ਰਵਾਨਗੀ ਅਤੇ ਸਾਲ 2009-10 ਦੇ ਅਨੁਮਾਨਤ ਬਜਟ ਬਾਰੇ।</u>**

ਬੋਰਡ ਵਲੋ ਸਾਲ 2007-08 ਅਤੇ 2008-09 ਦੇ ਅਸਲ ਬਜਟ ਅਤੇ ਸਾਲ 2009-10 ਦੇ ਅਨੁਮਾਨਤ ਬਜਟ ਨੂੰ ਪ੍ਰਵਾਨਗੀ ਦਿੰਦੇ ਹੋਏ ਹੇਠ ਲਿਖੇ ਫੈਸਲੇ ਵੀ ਲਏ ਗਏ:

ੳ) ਬਾਲਵਾੜੀ ਸਕੀਮ ਬੰਦ ਹੋ ਜਾਣ ਨਾਲ ਜਿਹੜੇ ਸਟਾਫ ਨੂੰ ਡਾਈਗ ਕੇਡਰ (dying cadre) ਘੋਸਿਤ ਕਰਕੇ ਸਹਾਇਕ ਕਿਰਤ ਕਮਿਸਨਰ /ਕਿਰਤ ਤੇ ਸੁਲਾਹ ਅਫਸਰਾਂ ਅਤੇ ਕਿਰਤ ਇੰਸਪੈਕਟਰਾ ਦੇ ਦਫਤਰਾਂ ਵਿੱਚ ਦਫਤਰੀ ਕੰਮ ਕਰਨ ਲਈ ਉਹਨਾਂ ਦੀ ਸਹਾਇਤਾ ਲਈ ਲਾਇਆ ਹੋਇਆ ਹੈ ਉਹਨਾਂ ਵਿਚੋਂ ਜਿਹੜੀਆਂ ਬਾਲਸੇਵਕਾਵਾਂ ਹਨ ਉਹਨਾਂ ਨੂੰ ਕੰਮਪਿਊਟਰ ਆਦਿ ਦੀ ਟ੍ਰੇਨਿੰਗ ਦਿਵਾਈ ਜਾਵੇ ਤਾਂ ਜੋ ਉਹਨਾਂ ਤੇ ਪੂਰਾ ਕੰਮ ਲਿਆ ਜਾ ਸਕੇ।

ਅ) ਬਾਲਵਾੜੀ ਸਟਾਫ ਦੀਆਂ ਤਨਖਾਹਾਂ ਆਦਿ ਤੇ ਕਾਫੀ ਖਰਚਾ ਹੋ ਰਿਹਾ ਹੈ, ਇਸ ਨੂੰ ਘਟਾਉਣ ਦੀ ਜਰੂਰਤ ਹੈ। ਬਾਲਸੇਵਕਾਵਾਂ/ਬਾਲਸੇਵਾਦਾਰਾਂ ਤੋਂ ਸਵੈ-ਇੱਛਕ ਰਿਟਾਇਰਮੈਂਟ (Voluntary retirement ) ਲੈਣ ਬਾਰੇ ਆਪਸ਼ਨਾਂ ਮੰਗ ਲਈਆ ਜਾਣ। ਜੇਕਰ ਕੋਈ ਇਸ ਲਈ ਇੱਛਕ ਹੋਵੇ ਤਾਂ ਉਸ ਨੂੰ ਸਰਕਾਰੀ ਨਿਯਮਾਂ ਅਨੁਸਾਰ ਬਣਦੇ ਡਿਊਜ ਦਿੱਤੇ ਜਾਣ। ਇਸ ਤਰਾਂ ਆਪ-ਮੁਹਾਰੇ ਖਰਚੇ ਵਿੱਚ ਕਟੌਤੀ ਹੋ ਸਕਦੀ ਹੈ।

ੲ) ਬੋਰਡ ਵਿੱਚ ਮੌਜੂਦਾ ਨਿਯੁਕਤ ਸਟਾਫ ਤੋਂ ਇਲਾਵਾ ਹੋਰ ਸਟਾਫ ਦੀ ਜਰੂਰਤ ਨਹੀਂ । ਕਰਮਚਾਰੀਆਂ ਦੀ ਰਿਟਾਇਰਮੈਂਟ ਉਪਰੰਤ ਲੋੜ ਅਨੁਸਾਰ ਭਰਤੀ ਕੰਟਰੈਕਟ ਬੇਸਿਜ(outsources) ਰਾਹੀਂ ਹੀ ਕੀਤੀ ਜਾਵੇ। ਕੰਟਰੈਕਟ ਤੇ ਰੱਖਣ ਵਾਲੇ ਕਰਮਚਾਰੀਆਂ ਨੂੰ ਰੈਗੂਲਰ ਇਨਕਰੀਮੈਂਟ ਦੇਣ ਬਾਰੇ, ਸਮੇਂ ਦੀ ਮਿਆਦ ਆਦਿ ਬਾਰੇ ਵਿਚਾਰ ਕੇ ਰੈਗੂਲੇਸਨ ਬਣਾਕੇ ਚੈਅਰਮੈਨ ਜੀ ਦੀ ਪ੍ਰਵਾਨਗੀ ਲੈ ਲਈ ਜਾਵੇ।

ਸ) ਕਰਮਚਾਰੀਆਂ ਦੀਆਂ ਮਹੀਨਾ 10/2001 ਤੋਂ 2/2008 ਤੱਕ ਬਕਾਇਆ ਤਨਖਾਹਾਂ ਆਦਿ ਦੇ ਏਰੀਅਰ ਵਜੋ 1.40 ਕਰੋੜ ਦੀ ਦੇਣਦਾਰੀ ਦਾ ਭੁਗਤਾਨ ਬੋਰਡ ਪਾਸ ਫੰਡਜ ਉਪਲੱਬਧ ਨਾ ਹੋਣ ਕਾਰਨ ਨਹੀਂ ਕੀਤਾ ਜਾ ਸਕਦਾ। ਫੰਡਜ ਉਪਲਬੱਧ ਹੋਣ ਤੇ ਇਸ ਬਾਰੇ ਵਿਚਾਰ ਕੀਤਾ ਜਾਵੇਗਾ। ਸੇਵਾ ਨਿਵਰਤ ਹੋਣ ਵਾਲੇ ਕਰਮਚਾਰੀਆਂ ਦੇ ਬਣਦੇ ਡਿਊਜ ਦੀ ਬੋਰਡ ਵਲੋ ਪਹਿਲਾਂ ਲਏ ਫੈਸਲੇ ਮੁਤਾਬਕ ਹੀ ਅਦਾਇਗੀ ਕੀਤੀ ਜਾਵੇ।

ਹ) ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਦੀ ਧਾਰਾ 2 ਦੀ ਉਪ -ਧਾਰਾ 10 ਵਿੱਚ ਜੋ ਕਿਰਤੀਆ ਦੀਆਂ ਅਣਵੰਡੀਆਂ ਰਕਮਾਂ ਤਿੰਨ ਸਾਲ ਪੁਰਾਣੀਆਂ ਹੋਣ ਉਪਰੰਤ ਪ੍ਰਬੰਧਕਾਂ ਤੋਂ ਇਕੱਤਰ ਕਰਕੇ ਵੈਲਫੇਅਰ ਫੰਡ ਵਿੱਚ ਜਮਾਂ ਕਰਵਾਈਆਂ ਜਾਂਦੀਆਂ ਹਨ, ਇਸ ਬਾਰੇ ਇਹ ਫੈਸਲਾ ਕੀਤਾ ਗਿਆ ਕਿ ਇਸ ਤਿੰਨ ਸਾਲ ਦੇ ਸਮੇਂ ਨੂੰ ਘੱਟਾ ਕੇ ਇਕ ਸਾਲ ਦਾ ਸਮਾਂ ਕਰਨ ਬਾਰੇ ਐਕਟ ਵਿੱਚ ਲੋੜੀਂਦੀ ਤਰਮੀਮ ਕਰਵਾਉਣ ਸਬੰਧੀ ਤਜਵੀਜ ਤਿਆਰ ਕਰਕੇ ਸਰਕਾਰ ਨੂੰ ਭੇਜੀ ਜਾਵੇ।

**ਮੱਦ ਨੰ: 5** **ਮਹਾਲੀ ਵਿਖੇ ਫੇਜ 10 ਵਿੱਚ ਖਾਲੀ ਪਲਾਟ ਤੇ ਮਾਡਲ ਵੈਲਫੇਅਰ ਸੈਂਟਰ ਦੀ ਇਮਾਰਤ ਦੀ ਉਸਾਰੀ ਕਰਨ ਬਾਰੇ।**

ਇਸ ਮੱਦ ਤੇ ਕੁੱਝ ਮੈਂਬਰ ਸਾਹਿਬਾਨ ਵਲੋ ਇਹ ਸਲਾਹ ਦਿੱਤੀ ਗਈ ਕਿ ਮਾਡਲ ਵੈਲਫੇਅਰ ਸੈਂਟਰ ਬਨਾਉਣ ਦੀ ਕੋਈ ਉਚਿਤਤਾ ਨਹੀਂ ਹੈ ਕਿਉਂ ਜੋ ਜਲੰਧਰ ਅਤੇ ਅੰਮ੍ਰਿਤਸਰ ਵਿੱਚ ਬਣਾਏ ਮਾਡਲ ਵੈਲਫੇਅਰ ਸੈਂਟਰ ਵੀ ਚੱਲ ਨਹੀਂ ਰਹੇ। ਇਸਲਈ ਮੌਜੂਦਾ ਸਮੇਂ ਅਨੁਸਾਰ ਇਸ ਪਲਾਟ ਤੇ ਕਿਰਤ ਭਵਨ ਅਤੇ ਟ੍ਰੇਨਿੰਗ ਸੈਂਟਰ ਦਾ ਨਿਰਮਾਣ ਕਰਨਾ ਉਚਿਤ ਹੈ। ਇਸ ਤਰਾਂ ਸਰਵ ਸੰਮਤੀ ਨਾਲ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

ੳ) ਬੋਰਡ ਪਾਸ ਕਿਉਂਜੋ ਫੰਡਜ ਦੀ ਘਾਟ ਹੈ ਇਸਲਈ ਕਿਰਤ ਵਿਭਾਗ ਦੇ ਨਵੇਂ ਗਠਿਤ "ਬਿਲਡਿੰਗ ਐਂਡ ਅਦਰ ਕੰਸਟਰਕਸਨ ਵਰਕਰਜ ਬੋਰਡ" ਦੀ ਭਾਈਵਾਲੀ ਨਾਲ ਬਿਲਡਿੰਗ ਦੀ ਉਸਾਰੀ ਕੀਤੀ ਜਾਵੇ।

ਅ) ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਦਫਤਰ ਤੋਂ ਇਲਾਵਾ ਇਸ ਬਿਲਡਿੰਗ ਵਿੱਚ ਕਿਰਤ ਵਿਭਾਗ ਦੇ ਚੰਡੀਗੜ੍ਹ/ਮੁਹਾਲੀ ਵਿਖੇ ਸਥਿਤ ਦਫਤਰਾਂ (ਡਾਇਰੈਕਟਰ ਆਫ ਫੈਕਟਰੀਜ/ਸਹਾਇਕ ਕਿਰਤ ਕਮਿਸਨਰ ਮੁਹਾਲੀ) ਨੂੰ ਸਿਫਟ ਕੀਤਾ ਜਾਵੇ ਤਾਂ ਜੋ ਉਹਨਾਂ ਵਲੋ ਦਿੱਤੇ ਜਾ ਰਹੇ ਕਿਰਾਏ ਦੀ 0.55 ਲੱਖ ਰੁਪਏ ਦੀ ਰਕਮ ਬੋਰਡ ਨੂੰ ਪ੍ਰਾਪਤ ਹੋਣ ਨਾਲ ਬੋਰਡ ਦੀ ਆਮਦਨ ਹੀ ਵਧੇਗੀ।

ੲ) ਇਸ ਸੈਂਟਰ ਦਾ ਨਾਂਅ ਬਦਲਕੇ ਕਿਰਤ ਭਵਨ ਵਗੈਰਾ ਰਖਿਆ ਜਾਵੇ। ਇਸ ਸਬੰਧੀ ਫੈਸਲਾ ਬਾਅਦ ਵਿੱਚ ਲਿਆ ਜਾਵੇਗਾ ਅਤੇ ਇਸੇ ਤਰ੍ਹਾਂ ਜਿਲਾ ਪੱਧਰ ਤੇ ਵੀ ਅਜੇਹੇ ਭਵਨ ਉਸਾਰਨ ਲਈ ਭਵਿੱਖ ਵਿੱਚ ਬੋਰਡ ਦੀ ਆਮਦਨ ਵੱਧਣ ਦੇ ਨਾਲ- ਨਾਲ ਸਮੇਂ-ਸਮੇਂ ਤੇ ਵਿਚਾਰ ਕੀਤਾ ਜਾਵੇਗਾ ਜਿਸ ਵਿੱਚ ਕਿਰਤੀਆਂ ਅਤੇ ਯੂਨੀਅਨ ਲੀਡਰ ਅਤੇ ਵਿਭਾਗ ਦੇ ਕਰਮਚਾਰੀਆਂ ਆਦਿ ਲਈ ਟ੍ਰੇਨਿੰਗ ਸੈਂਟਰ ਅਤੇ ਮੀਟਿੰਗ ਹਾਲ ਆਦਿ ਦਾ ਉਪਬੰਧ ਹੋਣਾ ਚਾਹੀਦਾ ਹੈ। ਜਿਸ ਲਈ ਉਚਿਤ ਪਲੈਨਿੰਗ ਅਤੇ ਪ੍ਰੋਜੈਕਟ ਰਿਪੋਟ ਤਿਆਰ ਕਰਕੇ ਜਿਸ ਵਿੱਚ ਨਕਸਾ ਅਤੇ ਸੰਭਾਵਤ ਖਰਚੇ ਵੀ ਸਾਮਲ ਹੋਣ ਚੈਅਰਮੈਨ ਜੀ ਤੋਂ ਪ੍ਰਵਾਨ ਕਰਵਾ ਲਈ ਜਾਵੇ।

**ਮੱਦ ਨੰ:6** **ਬੋਰਡ ਅਤੇ ਕਿਰਤ ਵਿਭਾਗ ਦੇ ਕੰਮਪਿਊਟਰੀਕਰਨ ਵਾਸਤੇ ਇੱਕ ਪ੍ਰੋਗਰਾਮਰ/ਸੋਫਟ ਵੇਅਰ ਐਕਸਪਰਟ ਰੱਖਣ ਬਾਰੇ ।**

ਇਹ ਮੱਦ ਪ੍ਰਵਾਨ ਨਹੀਂ ਕੀਤੀ ਗਈ।

**ਮੱਦ ਨੰ:7** **ਬੋਰਡ ਦੇ ਕੰਮਕਾਜ ਨੂੰ ਅਸਰਦਾਰ ਢੰਗ ਅਤੇ ਸੁਚਾਰੂ ਰੂਪ ਨਾਲ ਚਲਾਉਂਣ ਲਈ ਇਕ ਜੀਪ ਦੀ ਖਰੀਦ ਕਰਨ ਸਬੰਧੀ।**

ਇਹ ਫੈਸਲਾ ਕੀਤਾ ਗਿਆ ਜੀਪ ਦੀ ਖਰੀਦ ਕਰਨ ਦੀ ਜਰੂਰਤ ਨਹੀਂ ਸਗੋ ਲੋੜ ਅਨੁਸਾਰ ਬਾਜਾਰ ਤੋਂ ਗੱਡੀ ਹਾਇਰ ਕੀਤੀ ਜਾਵੇ।

**ਮੱਦ ਨੰ: 8** **ਬੋਰਡ ਵਿੱਚ ਸ੍ਰੀ ਦਰਸਨ ਸਿੰਘ ਸੀਨੀਅਰ ਸਹਾਇਕ ਦੀ ਅਚਾਨਕ ਮੌਤ ਹੋ ਜਾਣ ਕਾਰਣ ਉਸਦੇ ਲੜਕੇ ਨੂੰ ਤਰਸ ਦੇ ਅਧਾਰ ਤੇ ਡਰਾਈਵਰ ਦੀ ਅਸਾਮੀ ਤੇ ਰੱਖਣ ਬਾਰੇ।**

ਬੋਰਡ ਵਲੋ ਇਸ ਮੱਦ ਨੂੰ ਪ੍ਰਵਾਨ ਨਹੀਂ ਕੀਤਾ ਗਿਆ ਅਤੇ ਨਾਲ ਹੀ ਫੈਸਲਾ ਲਿਆ ਗਿਆ ਕਿ ਸਵਰਗਵਾਸੀ ਸ੍ਰੀ ਦਰਸਨ ਸਿੰਘ ਦੇ ਲੜਕੇ ਨੂੰ ਤਰਸ ਦੇ ਅਧਾਰ ਤੇ ਕਿਰਤ ਵਿਭਾਗ ਦੇ " ਬਿਲਡਿੰਗ ਐਂਡ ਅਦਰ ਕੰਸਟਰਕਸਨ ਬੋਰਡ" ਵਿੱਚ ਸੇਵਾਦਾਰ ਦੀ ਅਸਾਮੀ ਤੇ ਕੰਟਰੈਕਟ ਦੇ ਅਧਾਰ ਦੇ ਰੱਖ ਲਿਆ ਜਾਵੇ।

**ਮੱਦ ਨੰ: 9** **ਬੋਰਡ ਵਿੱਚ ਆਰਜੀ ਤੌਰ ਤੇ ਕੰਮ ਕਰ ਰਹੀ ਸ੍ਰੀਮਤੀ ਨੀਲਮ ਰਾਣੀ ,ਕਲਰਕ ਦੀਆਂ ਸੇਵਾਵਾਂ ਰੈਗੂਲਰ ਕਰਨ ਬਾਰੇ।**

ਬੋਰਡ ਵਲੋ ਸ੍ਰੀਮਤੀ ਨੀਲਮ ਰਾਣੀ ਕਲਰਕ ਦੀਆਂ ਸੇਵਾਵਾਂ ਖਾਲੀ ਪਈ ਕਲਰਕ ਦੀ ਆਸਾਮੀ (ਸ੍ਰੀਮਤੀ ਸਸੀ ਪ੍ਰਭਾ ਦੇ ਪਨਸਪ ਵਿੱਚ ਐਬਜੋਰਵ(Absorb) ਹੋਣ ਕਾਰਣ ਖਾਲੀ ਹੋਈ ਕਲਰਕ ਦੀ ਅਸਾਮੀ) ਵਿਰੁੱਧ ਰੈਗੂਲਰ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

**ਮੱਦ ਨੰ:10** **ਸੀਨੀਅਰ ਕਰਮਚਾਰੀ ਵਜੋ ਸ੍ਰੀਮਤੀ ਨਰੇਸ ਬਾਲਾ ਸੀਨੀਅਰ ਸਕੇਲ ਸਟੈਨੋਗ੍ਰਾਫਰ ਦੀ ਸੀਨੀਆਰਤਾ /ਤਨਖਾਹ ਉਸਤੋਂ ਜੂਨੀਅਰ ਕਰਮਚਾਰੀਆਂ ਦੇ ਬਰਾਬਰ ਕਰਨ ਬਾਰੇ।**

ਬੋਰਡ ਵਲੋ ਸ੍ਰੀਮਤੀ ਨਰੇਸ ਬਾਲਾ ਸੀਨੀਅਰ ਸਕੇਲ ਸਟੈਨੋਗ੍ਰਾਫਰ ਨੂੰ ਮਹੀਨਾ 4/87 ਦੀ ਬਜਾਏ ਮਹੀਨਾ 8/86 ਤੋਂ ਨੋਸਨਲ ਤਰੱਕੀ ਦਾ ਲਾਭ ਦੇ ਕੇ ਉਸ ਦੀ ਸੀਨੀਆਰਤਾ ਨਿਰਧਾਰਤ ਕਰਨ ਅਤੇ ਨੋਸਨਲ ਤਨਖਾਹ ਫਿਕਸ ਕਰਨ ਨੂੰ ਪ੍ਰਵਾਨਗੀ ਦਿੱਤੀ ਗਈ। ਇਹ ਵੀ ਫੈਸਲਾ ਲਿਆ ਗਿਆ ਕਿ ਇਸ ਸਬੰਧੀ ਉਸ ਨੂੰ ਕੋਈ ਏਰੀਅਰ ਆਦਿ ਨਹੀਂ ਦਿਤਾ ਜਾਵੇਗਾ।

**ਮੱਦ ਨੰ:11** **ਸ੍ਰੀਮਤੀ ਸਸੀ ਪ੍ਰਭਾ ਦੇ ਸਵੈ-ਇੱਛਕ ਸੇਵਾ ਨਿਵਰਤ ਹੋਣ ਤੇ ਉਸ ਨੂੰ ਗਰੈਚੁਟੀ ਅਤੇ ਲੀਵ ਇਨਕੈਸਮੈਂਟ ਦੀ ਕੀਤੀ ਪੇਮੈਂਟ ਦੀ ਰਿਕਵਰੀ ਬਾਰੇ।**

ਬੋਰਡ ਵਲੋ ਮੁੜ ਇਹ ਫੈਸਲਾ ਲਿਆ ਗਿਆ ਕਿ ਸ੍ਰੀਮਤੀ ਸਸੀ ਪ੍ਰਭਾ ਸੇਵਾ ਨਿਵਰਤ ਨੂੰ ਗਰੈਚੁਟੀ ਅਤੇ ਲੀਵ-ਇਨਕੈਸਮੈਂਟ ਦੀ ਕੀਤੀ ਪੇਮੈਂਟ ਦੀ ਰਿਕਵਰੀ ਕੀਤੀ ਜਾਵੇ ਅਤੇ ਪਹਿਲਾਂ ਲਏ ਫੈਸਲੇ ਮੁਤਾਬਕ ਹੀ ਕਾਰਵਾਈ ਕੀਤੀ ਜਾਵੇ।

**ਸਪਲੀਮੈਂਟਰੀ ਆਈਟਮ ਨੰ:1** **ਉਦਯੋਗਿਕ ਕਿਰਤੀਆਂ ਨੂੰ ਦੋ ਲੜਕੀਆਂ ਦੀ ਸਾਦੀ ਲਈ 20,000/- ਰੁਪਏ ਦੀ ਰਕਮ ਵਿਆਜ ਰਹਿਤ ਕਰਜੇ ਵਜੋ ਦੇਣ ਬਾਰੇ**

ਬੋਰਡ ਵਲੋ ਉਦਯੋਗਿਕ ਕਿਰਤੀਆਂ ਦੀਆਂ ਲੜਕੀਆਂ ਦੀ ਸਾਦੀ ਲਈ 30,000/- ਰੁ: ਦੀ ਰਕਮ ਬਿਨਾਂ ਵਿਆਜ ਕਰਜੇ ਵਜੋ ਮੰਨਜੂਰ ਕੀਤੀ ਗਈ ਜਿਸ ਦੀ ਕਿ ਵਸੂਲੀ ਬਰਾਬਰ 30 ਕਿਸਤਾਂ ਵਿਚ ਕੀਤੀ ਜਾਵੇਗੀ । ਇਸ ਸਕੀਮ ਅਧੀਨ 100 ਲਾਭ ਪਾਤਰੀਆਂ ਦਾ ਟੀਚਾ ਅਤੇ 30 ਲੱਖ ਰੁਪਏ ਦੀ ਰਕਮ ਮੰਨਜੂਰ ਕੀਤੀ ਗਈ।